ਪੰਜਾਬ ਸਰਕਾਰ
ਸਿੱਖਿਆ ਵਿਭਾਗ

ਵੱਲ : ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ, ਐ.ਸਿੱ.) ਪੰਜਾਬ।

ਮੀਮੋ ਨੰ: AD-CO/SSE/2017/2014/026
ਮਿਤੀ, ਚੰਡੀਗੜ੍ਹ : 4-01-2018

ਵਿਸ਼ਾ : ਸਕੂਲਾਂ ਦੇ ਸਮੇਂ ਵਿੱਚ ਤਬਦੀਲੀ ਕਰਨ ਸੰਬੰਧੀ।

ਹਵਾਲਾ:- ਇਸ ਦਫ਼ਤਰ ਦੇ ਪੱਤਰ ਨੰ:AD(Co)SSE/2017/20141025 ਮਿਤੀ 03-01-2018 ਦੀ ਲਗਾਤਾਰਤਾ ਵਿੱਚ।

1.1 ਸਰਕਾਰ ਦੇ ਧਿਆਨ ਵਿਚ ਆਇਆ ਹੈ ਕਿ ਖਰਾਬ ਮੌਸਮ ਦੇ ਚੱਲਦਿਆਂ ਕੁਝ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼ ਵੱਲੋਂ ਆਪਣੇ ਪੱਧਰ 'ਤੇ ਸਕੂਲਾਂ ਦਾ ਸਮਾਂ ਤਬਦੀਲ ਕੀਤਾ ਗਿਆ ਹੈ।

1.2 ਉਕਤ ਦੇ ਸਨਮੁੱਖ ਪੰਜਾਬ ਰਾਜ ਦੇ ਸਾਰੇ ਜ਼ਿਲ੍ਹਿਆਂ ਦੇ ਸਕੂਲਾਂ ਦੇ ਸਮੇਂ ਵਿਚ ਇਕਸਾਰਤਾ ਲਿਆਉਣ ਲਈ ਰਾਜ ਦੇ ਸਮੂਹ ਸਕੂਲਾਂ ਦਾ ਸਮਾਂ 15 ਜਨਵਰੀ 2018 ਤੱਕ ਨਿਮਨ ਅਨੁਸਾਰ ਤਬਦੀਲ ਕੀਤਾ ਜਾਂਦਾ ਹੈ।

| ਸਕੂਲ | ਸਕੂਲ ਲੱਗਣ ਦਾ ਸਮਾਂ | ਛੁੱਟੀ ਦਾ ਸਮਾਂ |
|---|---|---|
| ਪ੍ਰਾਇਮਰੀ ਸਕੂਲ | ਸਵੇਰੇ 10:00 ਵਜੇ | ਦੁਪਹਿਰ 03:00 ਵਜੇ |
| ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ | ਸਵੇਰੇ 10:00 ਵਜੇ | ਦੁਪਹਿਰ 03:30 ਵਜੇ |

1.3 ਸਾਰੇ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਜਨਵਰੀ 15, 2018 ਤੱਕ ਸਮਾਂ ਸਾਰਨੀ ਨਿਮਨ ਅਨੁਸਾਰ ਹੋਵੇਗੀ।

| ਪੀਰੀਅਡ | ਸਮਾਂ |
|---|---|
| ਸਵੇਰ ਦੀ ਸਭਾ | 10:00 ਸਵੇਰ-10:10 ਸਵੇਰ |
| ਪਹਿਲਾ | 10:10 ਸਵੇਰ-10:45 ਸਵੇਰ |
| ਦੂਜਾ | 10:45 ਸਵੇਰ-11:20 ਸਵੇਰ |
| ਤੀਜਾ | 11:20 ਸਵੇਰ-11:55 ਸਵੇਰ |
| ਚੌਥਾ | 11:55 ਸਵੇਰ-12:30 ਸਵੇਰ |
| ਪੰਜਵਾਂ | 12:30 ਦੁਪਹਿਰ-01:00 ਦੁਪਹਿਰ |
| ਅੱਧੀ ਛੁੱਟੀ | 01:00 ਦੁਪਹਿਰ-01:20 ਦੁਪਹਿਰ |
| ਛੇਵਾਂ | 01:20 ਦੁਪਹਿਰ-01:55 ਦੁਪਹਿਰ |
| ਸੱਤਵਾਂ | 01:55 ਦੁਪਹਿਰ-02:30 ਦੁਪਹਿਰ |
| ਅੱਠਵੀਂ | 02:30 ਦੁਪਹਿਰ-03:00 ਦੁਪਹਿਰ |
| ਨੌਵਾਂ | 03:00 ਦੁਪਹਿਰ-03:30 ਦੁਪਹਿਰ |

1.4 ਜੇਕਰ ਸਰਕਾਰ ਵੱਲੋਂ ਉਕਤ ਸੰਬੰਧੀ ਕੋਈ ਹੋਰ ਹੁਕਮ ਜਾਰੀ ਨਹੀਂ ਕੀਤੇ ਜਾਂਦੇ ਤਾਂ 16 ਜਨਵਰੀ 2018 ਤੋਂ ਸਕੂਲ ਪਹਿਲਾਂ ਵਾਲੇ ਸਮੇਂ ਅਨੁਸਾਰ ਹੀ ਲੱਗਣਗੇ।

ਸਕੱਤਰ,
ਸਕੂਲ ਸਿੱਖਿਆ,ਪੰਜਾਬ

ਪਿੱਠਅੰਕਣ ਨੰ: ਉਕਤ ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।
2. ਸਮੂਹ ਡਿਪਟੀ ਕਮਿਸ਼ਨਰਜ਼, ਪੰਜਾਬ।
3. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ।
4. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.) ਪੰਜਾਬ।
5. ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ।
6. ਸਮੂਹ ਸਰਕਲ ਐਜੂਕੇਸ਼ਨ ਅਫਸਰ, ਪੰਜਾਬ।
7. ਸਮੂਹ ਸਿੱਖਿਆ ਸੁਧਾਰ ਕਮੇਟੀਆਂ, ਪੰਜਾਬ।

ਸਕੱਤਰ,
ਸਕੂਲ ਸਿੱਖਿਆ, ਪੰਜਾਬ